# The 13th ASEM Summit (25-26 November 2021)

November 24, 2021

## 13ਵਾਂ ASEM ਸਿਖ਼ਰ ਸੰਮੇਲਨ (25-26 ਨਵੰਬਰ 2021)

### 24 ਨਵੰਬਰ, 2021

"ਸਾਂਝੇ ਵਿਕਾਸ ਲਈ ਮਜ਼ਬੂਤ ਬਹੁਪੱਖਵਾਦ" ਵਿਸ਼ੇ 'ਤੇ 13ਵਾਂ ASEM ਸਿਖ਼ਰ ਸੰਮੇਲਨ 25-26 ਨਵੰਬਰ, 2021 ਨੂੰ ਵਰਚੁਅਲ ਮਾਧਿਅਮ ਰਾਹੀਂ ਹੋਵੇਗਾ। ਭਾਰਤ ਦੇ ਮਾਨਯੋਗ ਉਪ-ਰਾਸ਼ਟਰਪਤੀ ਸ਼੍ਰੀ ਵੈਂਕਈਆ ਨਾਇਡੂ ਇਸ ਸੰਮੇਲਨ ਵਿੱਚ ਭਾਰਤੀ ਵਫ਼ਦ ਦੀ ਅਗਵਾਈ ਕਰਨਗੇ, ਜਿਸ ਵਿੱਚ ਸਾਰੇ 51 ਮੈਂਬਰ ਦੇਸ਼ਾਂ, ASEAN ਅਤੇ ਯੂਰਪੀਅਨ ਸੰਘ ਦੀ ਭਾਗੀਦਾਰੀ ਹੋਣ ਦੀ ਉੱਮੀਦ ਹੈ। ਇਹ ਸਿਖ਼ਰ ਸੰਮੇਲਨ ASEM ਪ੍ਰਕਿਰਿਆ ਦੀ 25ਵੀਂ ਵਰ੍ਹੇਗੰਢ ਮੌਕੇ ਹੋ ਰਿਹਾ ਹੈ।

13ਵੇਂ ਸਿਖਰ ਸੰਮੇਲਨ ਦੀ ਮੇਜ਼ਬਾਨੀ ASEM ਦੇ ਪ੍ਰਧਾਨ ਵਜੋਂ ਕੰਬੋਡੀਆ ਵੱਲੋਂ ਕੀਤੀ ਜਾ ਰਹੀ ਹੈ। ਸਿਖ਼ਰ ਸੰਮੇਲਨ ਵਿੱਚ ਕਈ ਮੁਲਕਾਂ ਦੇ ਮੁਖੀਆਂ / ਸਰਕਾਰਾਂ ਦੇ ਮੁਖੀਆਂ ਦੇ ਭਾਗ ਲੈਣ ਦੀ ਉਮੀਦ ਹੈ। 2021 ਲਈ ASEM ਦਾ ਏਜੰਡਾ ਬਹੁਪੱਖਵਾਦ ਨੂੰ ਮਜ਼ਬੂਤ ਕਰਨਾ, ਮਹਾਮਾਰੀ ਤੋਂ ਬਾਅਦ ਦੀ ਸਮਾਜਿਕ-ਆਰਥਿਕ ਬਹਾਲੀ ਅਤੇ ਵਿਕਾਸ ਦੇ ਨਾਲ-ਨਾਲ ਸਾਂਝੇ ਹਿੱਤਾਂ ਅਤੇ ਚਿੰਤਾਵਾਂ ਵਾਲੇ ਹੋਰ ਖੇਤਰੀ ਅਤੇ ਆਲਮੀ ਮੁੱਦਿਆਂ ਨੂੰ ਤਰਜੀਹ ਦੇਣਾ ਹੈ ।

ਉਦਘਾਟਨੀ ਸਮਾਰੋਹ ਤੋਂ ਛੁੱਟ ਉਪ ਰਾਸ਼ਟਰਪਤੀ ਪਹਿਲੇ ਆਮ ਸਤਰ ਅਤੇ ਸਿਖ਼ਰ ਸੰਮੇਲਨ ਦੇ ਰੀਟਰੀਟ ਸਤਰ ਵਿੱਚ ਵੀ ਹਿੱਸਾ ਲੈਣਗੇ ਅਤੇ ਨਵੇਂ ਬਹੁਪੱਖਵਾਦ, ਮਹਾਂਮਾਰੀ ਵਿਰੁੱਧ ਜੰਗ ਅਤੇ ਮਹਾਂਮਾਰੀ ਤੋਂ ਬਾਅਦ ਦੀ ਬਹਾਲੀ, ਆਲਮੀ ਜਲਵਾਯੂ ਤਬਦੀਲੀ ਨੂੰ ਘਟਾਉਣ, ਟਿਕਾਊ ਵਿਕਾਸ ਟੀਚਿਆਂ (SDG), ਸਮੁੰਦਰੀ ਸੁਰੱਖਿਆ ਵਰਗੇ ਖੇਤਰਾਂ 'ਤੇ ਵਿਚਾਰ - ਵਟਾਂਦਰੇ ਕਰਨਗੇ।

ASEM ਏਸ਼ੀਆਈ ਅਤੇ ਯੂਰਪੀ ਦੇਸ਼ਾਂ ਲਈ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ - ਵਟਾਂਦਰੇ ਕਰਨ ਅਤੇ ਆਪਣੇ ਤਿੰਨ ਥੰਮ੍ਹਾਂ - ਰਾਜਨੀਤਿਕ ਅਤੇ ਸੁਰੱਖਿਆ, ਆਰਥਿਕ ਅਤੇ ਵਿੱਤੀ ਅਤੇ ਸਮਾਜਿਕ-ਸੱਭਿਆਚਾਰਕ ਤੋਂ ਪੈਦਾ ਹੋ ਰਹੇ ਖੇਤਰਾਂ ਬਾਰੇ ਸਹਿਯੋਗ ਨੂੰ ਮਜ਼ਬੂਤ ਕਰਨ ਦਾ ਪਲੇਟਫਾਰਮ ਹੈ। ASEM ਸਮੂਹ ਵਿੱਚ 51 ਮੈਂਬਰ ਦੇਸ਼ ਅਤੇ 2 ਖੇਤਰੀ ਸੰਗਠਨ - ਯੂਰਪੀਅਨ ਸੰਘ ਅਤੇ ਆਸੀਆਨ ਸ਼ਾਮਲ ਹਨ। ਇਸ ਸਮੂਹ ਦੇ ਦੇਸ਼ ਆਲਮੀ ਜੀਡੀਪੀ ਦੇ 65%, ਆਲਮੀ ਆਬਾਦੀ ਦੇ 60%, ਆਲਮੀ ਸੈਰ-ਸਪਾਟੇ ਦੇ 75% ਅਤੇ ਆਲਮੀ ਵਪਾਰ ਦੇ 55% ਹਿੱਸੇ ਦਾ ਯੋਗਦਾਨ ਦਿੰਦੇ ਹਨ। ਹਰ ਦੋ ਸਾਲ ਬਾਅਦ ਹੋਣ ਵਾਲਾ ASEM ਸਿਖ਼ਰ ਸੰਮੇਲਨ ਏਸ਼ੀਆ ਅਤੇ ਯੂਰਪ ਦੇ ਦੇਸ਼ਾਂ ਦਰਮਿਆਨ ਵਾਰੀ-ਵਾਰੀ ਹੁੰਦਾ ਹੈ ਅਤੇ ਰਾਜਨੀਤਿਕ, ਆਰਥਿਕ, ਵਿੱਤੀ, ਸਮਾਜਿਕ, ਸਭਿਆਚਾਰਕ ਅਤੇ ਵਿਦਿਅਕ ਖੇਤਰਾਂ ਵਿੱਚ ਏਸ਼ੀਆ ਅਤੇ ਯੂਰਪ ਦਰਮਿਆਨ ਗੱਲਬਾਤ ਅਤੇ ਸਹਿਯੋਗ ਅਤੇ ਆਪਸੀ ਸਤਿਕਾਰ ਅਤੇ ਬਰਾਬਰ ਭਾਈਵਾਲੀ ਦੀ ਭਾਵਨਾ ਵਿੱਚ ਸਾਂਝੇ ਹਿੱਤ ਦੇ ਮੁੱਦਿਆਂ ਪ੍ਰਤੀ ਆਪਣੀਆਂ ਤਰਜੀਹਾਂ ਨਿਰਧਾਰਤ ਕਰਨ ਲਈ ASEM ਪ੍ਰਕਿਰਿਆ ਦਾ ਸਭ ਤੋਂ ਪ੍ਰਮੁੱਖ ਸਮਾਗਮ ਹੈ। ਭਾਰਤ 2006 ਵਿੱਚ ASEM ਪ੍ਰਕਿਰਿਆ ਵਿੱਚ ਸ਼ਾਮਲ ਹੋਇਆ ਸੀ। 2008

ਵਿੱਚ ਹੋਏ 7ਵੇਂ ASEM ਸਿਖ਼ਰ ਸੰਮੇਲਨ ਵਿੱਚ ਭਾਰਤ ਨੇ ਪਹਿਲੀ ਸਿਖ਼ਰ ਸੰਮੇਲਨ ਪੱਧਰੀ ਭਾਗੀਦਾਰੀ ਕੀਤੀ ਸੀ।

ਨਵੀਂ ਦਿੱਲੀ
24 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.